ਦਫ਼ਤਰ ਡਾਇਰੈਕਟਰ ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-੮, ਐਸ.ਏ.ਐਸ.ਨਗਰ, ਮੁਹਾਲੀ
ਫੋਨ ਨੰ: 0172-2212221, ਫੈਕਸ ਨੰ: 0172-2212793

ਹੁਕਮ ਨੰ: 9/126-2013 ਡੀ (3)
ਮਿਤੀ: ਐਸ.ਏ.ਐਸ.ਨਗਰ 05-03-2015

ਸਵਾਮੀ ਦਿਅਨੰਦ ਕਾਲਜ ਆਫ ਐਜੂਕੇਸ਼ਨ, ਪਲਾਟ ਨੰ: 178/494 ਅਤੇ 193/517, ਗਲੀ ਨੰ: ਲਹਿਰਾ ਬੇਗਾ, ਪਿੰਡ ਅਤੇ ਡਾਕਘਰ ਲਹਿਰਾ ਬੇਗਾ ਤਹਿਸੀਲ ਅਤੇ ਜਿਲ੍ਹਾ ਬਠਿੰਡਾ ਜਿਸਨੂੰ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: **NRC/NCTE/NRCAPP-1672/210th meeting/2013/37985** ਮਿਤੀ 01-03-2013 ਰਾਹੀਂ ਰਿਕੋਗਨਾਈਜੇਸ਼ਨ ਦਿੱਤੀ ਗਈ ਹੈ, ਨੂੰ ਈ.ਟੀ.ਟੀ.(ਡੀ.ਐਲ.ਐਡ.) ਦਾ ਕੋਰਸ ਇਕ ਯੂਨਿਟ 50(ਕੇਵਲ ਪੰਜਾਹ ਬੱਚੇ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਸਰਕਾਰ ਦੀ ਪ੍ਰਵਾਨਗੀ ਨਾਲ ਦਿੱਤੀ ਜਾਂਦੀ ਹੈ:

ਸ਼ਰਤਾਂ:

1) ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਏਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ. ਪੰਜਾਬ ਨੁਮਾਇੰਦਾ ਹੋਣਾ ਜਰੂਰੀ ਹੈ। ਕਰਮਚਾਰੀ ਵੱਲੋਂ ਨੌਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇਗਾ।
2) ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।
3) ਦਾਖਲ ਕੀਤੇ ਸਿੱਖਿਆਰਥੀਆਂ ਦੇ ਇੱਕ ਸੈਸ਼ਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।
4) ਸਿੱਖਿਆਰਥੀਆਂ ਦੀ ਈ.ਟੀ.ਟੀ. ਵਿਚ ਅਪਲਾਈ ਕਰਨ ਦੀ ਮਿਤੀ ਨੂੰ ਰਾਜ ਸਰਕਾਰ ਵੱਲੋਂ ਨਿਰਧਾਰਤ ਯੋਗਤਾ ਪੂਰੀ ਹੋਣੀ ਚਾਹੀਦੀ ਹੈ।
5) ਦਾਖਲ ਕੀਤੇ ਗਏ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਫੀਸ ਹੀ ਲਈ ਜਾਵੇਗੀ।
6) ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿਸੇ ਸਮੇਂ ਵੀ ਵਾਪਿਸ ਲਈ ਜਾ ਸਕਦੀ ਹੈ। ਐਨ.ਸੀ.ਟੀ.ਈ. ਵੱਲੋਂ ਦਿੱਤੀ ਰਿਕੋਗਨਾਈਜੇਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ। ਇਸ ਸਬੰਧੀ ਵੱਖਰੇ ਤੌਰ ਤੇ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਮੁੜ ਰਿਕੋਗਨਾਈਸ਼ੇਨ ਮਿਲਣ ਉਪਰੰਤ ਮੁੜ ਐਫਲੀਏਸ਼ਨ ਲੈਣੀ ਪਵੇਗੀ।
7) ਜੇਕਰ ਜਮੀਨ ਸੁਸਾਇਟੀ/ਟਰੱਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-ਅੰਦਰ ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਜਮੀਨ ਦੇ ਨਵੇਂ ਕਾਗਜਾਤ ਦੀ ਕਾਪੀ ਨਿਸਚਿਤ ਸਮੇਂ ਦੇ ਅੰਦਰ-ਅੰਦਰ ਰਿਜਨਲ ਕਮੇਟੀ ਅਤੇ ਇਸ ਦਫ਼ਤਰ ਨੂੰ ਭੇਜੀ ਜਾਵੇ। ਨਿਸਚਿਤ ਸਮੇਂ ਦੇ ਅੰਦਰ-2 ਇਹ ਕਾਰਵਾਈ ਨਾਂ ਕਰਨ ਦੀ ਸੂਰਤ ਵਿਚ ਇਸ ਦਫ਼ਤਰ ਵੱਲੋਂ ਰਿਕੋਗਨਾਈਜ਼ੇਸਨ/ਐਫਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਅਰੰਭ ਕੀਤੀ ਜਾਵੇਗੀ।
8) ਐਨ.ਸੀ.ਟੀ.ਈ. ਵੱਲੋਂ ਸਮੇਂ-2 ਸਿਰ ਨਿਰਧਾਰਤ ਕੀਤੇ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ /ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।
9) ਇਸ ਦਫ਼ਤਰ ਦੀ ਵੈਬਸਾਇਟ www.scertpunjab.ac.in ਹਰ ਰੋਜ ਚੈਕ ਕੀਤੀ ਜਾਵੇ। ਵੈਬਸਾਇਟ ਵਿਚ ਇਸ ਦਫ਼ਤਰ ਵੱਲੋਂ ਮੰਗੀ ਗਈ ਸੂਚਨਾਂ ਤੁਰੰਤ ਇਸ ਦਫ਼ਤਰ ਨੂੰ ਉਪਲਬਧ ਕਰਵਾਈ ਜਾਵੇ।
10) ਐਨ.ਸੀ.ਟੀ.ਈ. ਵੱਲੋਂ ਜਾਰੀ ਰਿਕੋਗਨਾਈਜੇਸ਼ਨ ਪੱਤਰ ਵਿਚ ਲੱਗੀਆ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨਾ ਵੀ ਯਕੀਨੀ ਬਣਾਇਆ ਜਾਵੇ।
11) ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਅੱਗ ਬੁਝਾਊ ਯੰਤਰਾ ਸਬੰਧੀ ਸਮੇਂ-2 ਤੇ ਸਰਟੀਫਿਕੇਟ ਪ੍ਰਾਪਤ ਕਰਕੇ ਭੇਜੇ ਜਾਣ।
12) ਸੁਸਾਇਟੀ/ ਟਰੱਸਟ ਵੱਲੋਂ ਸੰਸਥਾ ਚਲਾਉਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

ਸਹੀ/-
ਪੰਕਜ ਸ਼ਰਮਾ
ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ: 9/126-2013 ਡੀ(3) ਮਿਤੀ: ਐਸ.ਏ.ਐਸ.ਨਗਰ 09-03-2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-5 ਸ਼ਾਖਾ), ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।
2) ਸੁਪਰਡੰਟ ਪ੍ਰੀਖਿਆ ਸ਼ਾਖਾ।
3) ਚੇਅਰਮੈਨ ਸਵਾਮੀ ਦਿਅਨੰਦ ਕਾਲਜ ਆਫ ਐਜੂਕੇਸ਼ਨ, ਪਲਾਟ ਨੰ: 178/494 ਅਤੇ 193/517, ਗਲੀ ਨੰ: ਲਹਿਰਾ ਬੇਗਾ, ਪਿੰਡ ਅਤੇ ਡਾਕਘਰ ਲਹਿਰਾ ਬੇਗਾ ਤਹਿਸੀਲ ਅਤੇ ਜਿਲ੍ਹਾ ਬਠਿੰਡਾ।
4) ਰੀਜਨਲ ਡਾਇਰੈਕਟਰ, ਐਨ.ਸੀ.ਟੀ.ਈ., ਜੈਪੁਰ, 20/198, ਕਾਵੇਰੀ ਪੱਥ, ਨੇੜੇ ਮਾਨਸਰੋਵਰ ਸਟੇਡੀਅਮ, ਮਾਨਸਰੋਵਰ, ਜੈਪੁਰ-302020 (ਰਾਜਸਥਾਨ)।

ਡਿਪਟੀ ਡਾਇਰੈਕਟਰ (ਮੁਲਅੰਕਣ)